ਮੇਅਰਲ ਉਮੀਦਵਾਰ ਹਾਰਵੀ ਵੱਲੋਂ ਤੱਥਾਂ ਦੀ ਤੋੜ ਮੋੜ ਨੂੰ ਠੀਕ ਕਰਨ ਲਈ ਕੌਂਸਲਰ ਇੱਕਠੇ ਹੋਏ ਉਠਾਈ

ਚੀਫ ਆਕਰੀਟੈਕਟ ਨੇ ਹੁਣ ਆਪਣੇ ਦੁਆਰਾ ਡਿਜ਼ਾਈਨ ਕੀਤੀ ਪਾਲਿਸੀ ਤੋਂ ਦੂਰ ਰਹਿਣ ਦਾ ਦਾਅਵਾ ਕੀਤਾ

ਅਕਤੂਬਰ 9, 2018– ਡੈਲਟਾ. ਬੀ.ਸੀ.: ਅੱਜ ਡੈਲਟਾ ਦੇ ਰੋਟਰੀ ਪਾਰਕ ਵਿੱਚ ਇੱਕ ਵੱਖਰੀ ਕਿਸਮ ਦੀ ਨਿਊਜ਼ ਕਾਨਫਰੰਸ ਹੋਈ, ਜਿੱਥੇ ਲੰਮੇਂ ਸਮੇਂ ਤੋਂ ਸੇਵਾ ਨਿਭਾ ਰਹੇ ਚਾਰ ਕੌਂਸਲਰਾਂ ਨੇ ਮੰਗ ਕੀਤੀ ਕਿ ਡੈਲਟਾ ਦੇ ਰਿਟਾਇਰਡ ਸਿਟੀ ਮੈਨੇਜਰ ਜਾਰਜ ਹਾਰਵੀ– ਜੋ ਇਸ ਸਮੇਂ ਮੇਅਰ ਦੀ ਚੋਣ ਲੜ੍ਹ ਰਹੇ ਹਨ–ਐਨਡ ਆਫ ਸਰਵਿਸ ਐਗਰੀਮੈਂਟ ਦੇ ਨਿਰਮਾਣ ਵਿੱਚ ਆਪਣੇ ਯੋਗਦਾਨ ਸੰਬੰਧੀ ਇਤਿਹਾਸਕ ਰਿਕਾਰਡਾਂ ਵਿੱਚ ਕੀਤੀ ਛੇੜ ਛਾੜ ਤੁਰੰਤ ਸਹੀ ਕਰਨ।

ਹਾਰਵੀ ਨੇ ਦਸੰਬਰ 2016 ਵਿੱਚ ਕੌਂਸਲ ਨੂੰ ਆਪਣੇ ਦਸਤਖਤਾਂ ਵਾਲੀ ਇੱਕ ਰਿਪੋਰਟ ਤਿਆਰ ਕਰਕੇ ਕੌਨਸਲ ਨੂੰ ਸਬਮਿਟ ਕੀਤੀ ਸੀ ਜਿਸ ਵਿੱਚ ਮੇਅਰਾਂ ਅਤੇ ਕੌਂਸਲਰਾਂ ਨੂੰ ਕੌਂਸਲ ਤੋਂ ਜਾਣ ਵੇਲੇ ਵਿੱਤੀ ਲਾਭ ਅਦਾ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ।

ਹੁਣ ਜਦੋਂ ਉਹ ਇਲੈਕਸ਼ਨ ਅਫਸਰ ਵਜੋਂ ਕੈਮਪੇਨ ਕਰ ਰਿਹਾ ਹੈ, ਤਾਂ ਉਸਨੇ ਆਪਣਾ ਸੁਰ ਬਦਲ ਲਿਆ ਹੈ। ਉਸਨੇ ਹਾਲ ਹੀ ਵਿੱਚ ਡੈਲਟਾ ਆਪਟੀਮਿਸਟ ਅਖਬਾਰ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਐਨਡ ਆਫ ਸਰਵਿਸ ਐਗਰੀਮੈਂਟ "ਇੱਕ ਪਾਲਿਸੀ ਸੀ, ਜਿਸਤੋਂ ਉਹ ਦੂਰ ਰਹੇ"।

ਹਾਰਵੀ ਨੇ *ਦ ਆਪਟੀਮਿਸਟ* ਵਿੱਚ ਇਹ ਵੀ ਲਿਖਿਆ ਕਿ ਡੈਲਟਾ ਦੇ ਮੇਅਰ ਵਜੋਂ ਮੇਰੇ ਚੋਣ ਲੜ੍ਹਨ ਦਾ ਇੱਕ ਕਾਰਨ ਇਹ ਵੀ ਹੈ ਕਿ ਮੈਂ ਗੋਲਡਨ ਹੈਂਡਸ਼ੇਕ ਨਾਲ ਸਹਿਮਤ ਨਹੀਂ।

ਅੱਜ ਦੀ ਨਿਊਜ਼ ਕਾਨਫਰੰਸ ਵਿੱਚ ਹਿੱਸਾ ਲੈਣ ਵਾਲੇ ਚਾਰੇ ਕੌਂਸਲਰਾਂ ਨੇ ਮੰਗ ਕੀਤੀ ਕਿ ਹਾਰਵੀ ਤੁਰੰਤ ਡੈਲਟਾ ਦੇ ਵੋਟਰਾਂ ਅਤੇ ਵਾਸੀਆਂ ਨੂੰ ਤੱਥਾਂ ਤੋਂ ਗੁੰਮਰਾਹ ਕਰਨ ਲਈ ਮਾਫੀ ਮੰਗੇ ਅਤੇ ਆਪਣੀ ਕੈਮਪੇਨ ਵਿੱਚ ਬੇਈਮਾਨੀ ਅਤੇ ਗਲਤ ਬਿਆਨਬਾਜ਼ੀ ਖਤਮ ਕਰੇ।

ਇਮਕੰਮਬੈਂਟ ਜੀਨੀ ਕੈਨਾਕੋਸ ਅਤੇ ਬਰੂਸ ਮੈਕਡੋਨਾਲਡ "ਇਨਡੀਪੈਨਡੈਂਟ ਵਰਕਿੰਗ ਫਾਰ ਯੂ" ਨਾਮੀ ਸਲੇਟ ਹੇਠ ਕੌਂਸਲ ਲਈ ਦੁਬਾਰਾ ਚੋਣ ਲੜ੍ਹ ਰਹੇ ਹਨ।

ਟੀਮ ਡੈਲਟਾ ਸਲੇਟ ਹੇਠ ਦੋ ਟਰਮਾਂ ਤੋਂ ਕੌਂਸਲਰ ਅਤੇ ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਅਤੇ ਰਾਬਰਟ ਕੈਂਪਬੈੱਲ, ਕੌਂਸਲ ਲਈ ਦੁਬਾਰਾ ਚੋਣ ਲੜ੍ਹ ਰਹੇ ਹਨ।

ਸੰਪਰਕ ਕਰੋ:

Jason Craik, co-campaign manager 604-603-1790

Kristy Fredericks, co-campaign manager 604-626-1374

teamdeltamedia@gmail.com